# ਮੁਕਤਿ ਬੈਕੁੰਠ ਸਾਧ ਕੀ ਸੰਗਤਿ

ਧਨਾਸਰੀ ਮਹਲਾ ੫ ॥

ਜਨ ਕੇ ਪੂਰਨ ਹੋਏ ਕਾਮ ॥

ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ ਰਹਾਉ ॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਰਾਗ ਧਨਾਸਰੀ ਵਿਚ ਉਚਾਰਣ ਕੀਤਾ ਹੈ ਜੋ ਪੰਨਾ ੬੮੨ ਤੇ ਅੰਕਤ ਹੈ।

-- ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੇ ਜਨ, ਭਗਤ ਦੇ ਕਾਰਜ ਆਪੇ ਹੀ ਰਾਸ ਹੋ ਜਾਂਦੇ ਹਨ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੫੪੮ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤਾਂ ਨੂੰ, ਪ੍ਰਭੂ ਆਪ ਹੀ ਆਪਣਾ ਬਣਾ ਲੈਂਦਾ ਹੈ ਅਤੇ ਉਨ੍ਹਾਂ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ – '**ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ।।**'

-- ਕਲਿਜੁਗ ਵਰਗੇ ਭਿਆਨਕ ਸਮੇਂ, ਮਾਇਆ ਰੂਪ ਬਿਖ ਦੇ ਰਹਿੰਦਿਆਂ, ਵਾਹਗੁਰੂ ਆਪ ਹੀ ਭਗਤਾਂ ਦੀ ਲਜਿਆ ਰਖਦਾ ਹੈ, ਭਾਵ, ਮਾਇਆ ਦੇ ਮਾੜੇ ਅਸਰ ਤੋਂ ਬਚਾਈ ਰਖਦਾ ਹੈ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੦੨੪ ਤੇ ਸਮਝਾਉਂਦੇ ਹਨ ਕਿ ਕਲਿਜੁਗ ਦੇ ਭਿਆਨਕ ਸਮੇਂ ਵਿਚ ਸਿਰਫ਼ ਨਾਮ ਦੀ ਹੀ ਤਾਕਤ ਰਹਿ ਜਾਂਦੀ ਹੈ, ਇਹ ਗਲ, ਪੂਰੇ ਗੁਰੂ ਬਿਨਾਂ ਕਿਸੇ ਨੇ ਨਹੀਂ ਸਮਝਾਈ - '**ਕਲੀ ਕਾਲ ਮਹਿ ਇਕ ਕਲ ਰਾਖੀ।। ਬਿਨੁ ਗੁਰ ਪੂਰੇ ਕਿਨੈ ਨ ਭਾਖੀ।।**' ਪੰਜਵੇਂ ਪਾਤਸ਼ਾਹ ਦਾ, ਪੰਨਾ ੭੪੪ ਤੇ ਫ਼ੁਰਮਾਣ ਹੈ ਕਿ ਕਲਿਜੁਗ ਦੇ ਸਮੇਂ ਦੇ ਸਾਰੇ ਕਲੇਸ਼, ਇਕ ਨਾਮ ਨੂੰ ਹਿਰਦੇ ਵਿਚ

ਵਸਾ ਕੇ ਮਿਟ ਜਾਂਦੇ ਹਨ - '**ਕਲੀ ਕਾਲ ਕੇ ਮਿਟੇ ਕਲੇਸਾ।। ਏਕੋ ਨਾਮੁ ਮਨਿ ਮਹਿ ਪਰਵੇਸਾ।।**'

**ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥**

**ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥੧॥**

--ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮਾਲਕ ਪ੍ਰਭੂ ਦਾ ਸਿਮਰਣ ਕਰ ਕਰ ਕੇ, ਜਮ ਨੇੜੇ ਵੀ ਨਹੀਂ ਆ ਸਕਦਾ, ਭਾਵ, ਜਮਾਂ ਦਾ ਭੈਅ ਮੁਕ ਜਾਂਦਾ ਹੈ।

--ਦੂਜੇ, ਜੋ ਜਨ, ਸਾਧੂ ਦੀ ਸੰਗਤਿ ਕਰ ਲੈਂਦੇ ਹਨ, ਜੋ ਬੈਕੁੰਠ ਹੈ, ਉਹ ਮੁਕਤੀ ਦੀ ਦਾਤ ਪ੍ਰਾਪਤ ਕਰ ਲੈਂਦੇ ਹਨ। ਇਹੀ ਜਨ, ਹਰੀ ਦੇ ਧਾਮ, ਘਰ ਨੂੰ ਪ੍ਰਾਪਤ ਕਰ ਲੈਂਦੇ ਹਨ।

ਪੰਜਵੇਂ ਪਾਤਸ਼ਾਹ ਨੇ, ੭੪੨ ਪੰਨੇ ਤੇ, ਬਚਨ ਕੀਤਾ ਹੈ ਕਿ ਜਿਥੇ ਸੰਤ ਦਾ ਵਾਸ ਹੁੰਦਾ ਹੈ ਉਹ ਹੀ ਬੈਕੁੰਠ ਨਗਰ ਹੈ – '**ਬੈਕੁੰਠ ਨਗਰੁ ਜਹਾ ਸੰਤ ਵਾਸਾ।।**'

ਪੰਨਾ ੧੨੦੮ ਤੇ ਤਾਂ ਇਥੋਂ ਤਕ ਬਚਨ ਕਰ ਦਿਤਾ ਕਿ ਇਕ ਪਲਕ ਝੱਪਕਣ ਦੇ ਸਮੇਂ ਜਿੰਨੀ ਵੀ ਸਾਧੂ ਦੀ ਸੰਗਤਿ ਦਾ ਸੁਖ, ਕਰੋੜਾਂ ਬੈਕੁੰਠਾਂ ਦੇ ਬਰਾਬਰ ਹੈ – '**ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ।।**'

ਭਗਤ ਕਬੀਰ ਜੀ ਸਾਧੂ ਦੀ ਸੰਗਤ ਨੂੰ, ਆਪਣੇ ਦੋ ਸ਼ਬਦਾਂ ਵਿਚ ਬੈਕੁੰਠ ਦ ਦਸਿਆ ਹੈ – '**ਸਾਧ ਸੰਗਤਿ ਬੈਕੁੰਠੈ ਆਹਿ।।**', ਪੰਨਾ ੩੨੧ ਅਤੇ ੧੧੬੧.

**ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥**

**ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ ਨਾਨਕ ਸਦ ਕੁਰਬਾਨ ॥੨॥੧੭॥੪੮॥**

--ਪ੍ਰਭੂ ਦੇ ਚਰਣ, ਭਾਵ, ਨਾਮ ਹੀ ਹਰੀ ਦੇ ਜਨਾਂ ਦੀ ਰਾਸ, ਪੂੰਜੀ ਹੁੰਦਾ ਹੈ ਅਤੇ ਉਸ ਵਿਚ ਹੀ ਕਰੋੜਾਂ ਸੁਖਾਂ ਦਾ ਵਾਸਾ ਹੈ।

ਪਾਤਸ਼ਾਹ, ੧੯੬ ਪੰਨਾ ਤੇ ਫ਼ੁਰਮਾਣ ਕਰਦੇ ਹਨ ਕਿ ਜਿਸਨੂੰ ਨਾਮ ਦੀ ਪੂੰਜੀ, ਰਾਸ ਪ੍ਰਾਪਤ ਹੋ ਜਾਂਦੀ ਹੈ ਤਾਂ ਉਸ ਦੇ ਸੰਸਾਰ ਵਿਚ ਵਿਚਰਦਿਆਂ ਦੇ ਸਾਰੇ ਕਾਰਜ ਪੂਰਣ ਹੋ ਜਾਂਦੇ ਹਨ - '**ਥਾਤੀ ਪਾਈ ਹਰਿ ਕੋ ਨਾਮ।। ਬਿਚਰੁ ਸੰਸਾਰ ਪੂਰਨ ਸਭਿ ਕਾਮ।।**'

ਪਾਤਸ਼ਾਹ, '**ਸੋਹਿਲਾ**' ਦੀ ਬਾਣੀ ਵਿਚ ਉਪਦੇਸ਼ ਦਿੰਦੇ ਹਨ ਕਿ ਇਸ ਮਨੁਖਾ ਜਨਮ ਵਿਚ ਜੋ ਰਾਸ ਪੂੰਜੀ ਇਕੱਠੀ ਕਰ ਜਾਂਦਾ ਹੈ, ਉਸਦਾ ਅਗੇ ਵਸਣਾ ਸੁਹੇਲਾ ਹੋ ਜਾਂਦਾ ਹੈ - '**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।।**' ਪੰਨਾ ੯੮੭ ਤੇ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦਾ ਨਾਮ ਸੁਣ ਕੇ, ਜਪ ਕੇ ਸਾਰੇ ਦੁਖ ਦੂਰ ਹੋ ਜਾਂਦੇ ਹਨ ਅਤੇ ਸੁਖ ਵਸ ਜਾਂਦੇ ਹਨ - '**ਸੁਨਤ ਜੀਓ ਜਾਸੁ ਨਾਮੁ।। ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ।।**'

--ਉਸ ਗੋਬਿੰਦ, ਦਮੋਦਰ, ਭਾਵ ਪ੍ਰਭੂ/ਗੁਰੂ ਨੂੰ ਦਿਨ ਰਾਤ ਸਿਮਰੀਏ ਅਤੇ ਉਸ ਤੋਂ ਆਪਣਾ ਆਪਾ ਵਾਰ ਦਈਏ।

ਦਮੋਦਰ ਦਾ ਅਰਥ ਹੈ, ਉਹ ਸ੍ਰੀ ਕ੍ਰਿਸ਼ਨ ਜੀ ਜਿਨ੍ਹਾਂ ਦੇ ਲਕ ਦੁਆਲੇ, ਮਾਤਾ ਜਸੋਦਾ ਨੇ ਰੱਸੀ ਬੰਨ੍ਹ ਦਿਤੀ ਸੀ, ਅਤੇ ਜਿਸਦੇ ਪੇਟ ਵਿਚ ਸਾਰਾ ਬ੍ਰਹਿਮੰਡ ਹੈ। ਗੋਬਿੰਦ ਦਾ ਅਰਥ, ਗਊਆਂ ਪਾਲਣ ਵਾਲੇ ਸ੍ਰੀ ਕ੍ਰਿਸ਼ਨ ਜੀ ਅਤੇ ਸ੍ਰਿਸ਼ਟੀ

ਪਾਲਕ। ਸ੍ਰੀ ਕ੍ਰਿਸ਼ਨ ਜੀ ਗੁਰ-ਜੋਤਿ ਹਨ ਅਤੇ ਅਕਾਲ ਪੁਰਖ ਦਾ ਸਰੂਪ ਹਨ। ਸੋ ਇਥੇ, ਇਹ ਦੋਵੇਂ ਲਫਜ਼ ਪਾਰਬ੍ਰਹਮ ਪਰਮੇਸ਼ਰ ਅਤੇ ਗੁਰ ਪਰਮੇਸ਼ਰ ਇਕੱਠਿਆਂ ਲਈ ਆਏ ਹਨ। ਅਜ, ਭਾਵ, ਕਲਿਜੁਗ ਵਿਚ, ਗੁਰ ਪਰਮੇਸ਼ਰ ਦਾ ਸਰੂਪ, ਸ੍ਰੀ ਗੁਰੂ ਨਾਨਕ ਪਾਤਸ਼ਾਹ ਹਨ। ਚੌਥੇ ਪਾਤਸ਼ਾਹ, ਪੰਨਾ ੧੩੨੧ ਤੇ ਇਹ ਸਾਰੇ ਨਾਂ, ਪ੍ਰਭੂ/ਗੁਰੂ ਲਈ ਵਰਤ ਕੇ, ਇਨ੍ਹਾਂ ਦਾ ਨਾਮ, ਗੁਰੂ ਤੋਂ ਉਪਦੇਸ਼ ਲੈ ਕੇ, ਜਪਣ ਲਈ ਉਪਦੇਸ਼ ਦਿੰਦੇ ਹਨ – '**ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ।। ਤੇ ਨਿਰਭਉ ਜਿਨ ਸ੍ਰੀ ਰਾਮ ਧਿਆਇਆ ਗੁਰਮਤਿ ਮੁਰਾਰਿ ਗੋਬਿੰਦੇ।।**' ਪੰਚਮ ਪਾਤਸ਼ਾਹ, ਪੰਨਾ ਤੇ ਫ਼ੁਰਮਾਣ ਕਰਦੇ ਹਨ – '**ਗੁਣ ਗਾਇ ਗੋਬਿੰਦ ਅਨਦੁ ਉਪਜੈ ਸਾਧ ਸੰਗਤਿ ਸੰਗਿ ਬਨੀ।।**', ਭਾਵ, ਪ੍ਰਭੂ/ਗੁਰੂ ਦਾ ਨਾਮ, ਸਾਧੂ ਦੀ ਸੰਗਤਿ ਕਰਦੇ ਹੋਏ, ਜਪਣ ਨਾਲ ਅਨੰਦ ਪੈਦਾ ਹੋ ਜਾਂਦਾ ਹੈ।